This question paper contains 3 printed pages]

*Your Roll No.................*

**241**

**B.A. (PROGRAMME)/I** **J**

PUNJABI LANGUAGE (C)—Paper I

(Basic Punjabi)

(Admission of 2004/2006 and onwards in respect of the students of Regular Colleges/NCWEB)

*Time* : 3 *Hours* *Maximum Marks* : 75

(*Write your Roll No. on the top immediately on receipt of this question paper.*)

**ਨੋਟ** :– ਸਾਰੇ ਪ੍ਰਸ਼ਨ ਕਰਨੇ ਜ਼ਰੂਰੀ ਹਨ ।

*Note* :—The maximum marks printed on the question paper are applicable for the students of the regular colleges (Cat. 'A'). These marks will, however, be scaled up proportionately in respect of the students of NCWEB at the time of posting of awards for compilation of result.

1. ਹੇਠਾਂ ਦਿੱਤੇ ਪੈਰ੍ਹੇ ਨੂੰ ਧਿਆਨ ਨਾਲ ਪੜ੍ਹੋ ਅਤੇ ਪੁੱਛੇ ਗਏ ਸਵਾਲਾਂ ਦੇ ਜਵਾਬ ਲਿਖੋ : 15

ਸੰਸਾਰ ਦਾ ਇਤਿਹਾਸ ਲੜਾਈਆਂ-ਝਗੜਿਆਂ ਤੇ ਖ਼ੂਨ-ਖ਼ਰਾਬੇ ਦੀਆਂ ਘਟਨਾਵਾਂ ਨਾਲ ਭਰਪੂਰ ਹੈ । ਕਬੀਲਿਆਂ ਦੇ ਜੀਵਨ ਤੋਂ ਲੈ ਕੇ ਹੁਣ ਤੱਕ ਮਨੁੱਖੀ ਸੋਚ ਵਿਚ ਕੋਈ ਤਬਦੀਲੀ ਨਹੀਂ ਆਈ । ਉਹ ਅਮਨ-ਸ਼ਾਂਤੀ ਚਾਹੁੰਦਾ ਹੋਇਆ ਵੀ ਜੰਗ ਦੀ ਤਿਆਰੀ ਕਰਦਾ ਹੈ । ਜਦ 1914-18 ਈ: ਵਿਚ ਪਹਿਲਾ ਵਿਸ਼ਵ-ਯੁੱਧ ਹੋਇਆ ਤਾਂ ਅਨੇਕ ਦੇਸ਼ਾਂ ਦਾ ਬੇਅੰਤ ਨੁਕਸਾਨ

ਹੋਇਆ । ਭਵਿੱਖ ਵਿਚ ਅਜਿਹੀ ਭਿਆਨਕ ਸਥਿਤੀ ਤੋਂ ਬਚਣ ਲਈ 'ਲੀਗ ਆਫ ਨੇਸ਼ਨਜ਼' (League of Nations) ਬਣਾਈ ਗਈ । ਇਸ ਦੇ ਫੇਲ੍ਹ ਹੋਣ 'ਤੇ 1939-45 ਵਿਚ ਦੂਜਾ ਵਿਸ਼ਵ-ਯੁੱਧ ਹੋਇਆ । ਅਣਗਿਣਤ ਲੋਕ ਸਦਾ ਦੀ ਨੀਂਦ ਸੌਂ ਗਏ, ਬੇਅੰਤ ਤਬਾਹੀ ਹੋਈ, ਜਾਪਾਨ ਦੇ ਨਾਗਾਸਾਕੀ ਅਤੇ ਹਿਰੋਸ਼ਿਮਾ ਵਰਗੇ ਸ਼ਹਿਰਾਂ ਨੂੰ ਬੰਬਾਂ ਨੇ ਮਿੱਟੀ ਵਿਚ ਮਿਲਾ ਦਿੱਤਾ । ਇਕ ਵਾਰ ਫੇਰ ਅਮਨ-ਸਥਾਪਤੀ ਦੀ ਲੋੜ ਨੂੰ ਮਹਿਸੂਸ ਕੀਤਾ ਗਿਆ ਇਸ ਮਨੋਰਥ ਲਈ ਕੁਝ ਸਿਰਕੱਢ ਦੇਸ਼ਾਂ ਨੇ 'ਸੰਯੁਕਤ ਰਾਸ਼ਟਰ ਸੰਘ' (United Nations Organisation) ਨਾਂ ਦੀ ਨਵੀਂ ਕੌਮਾਂਤਰੀ ਸਭਾ ਬਣਾਈ । ਹਰ ਦੇਸ਼ ਦੀ ਸੁਰੱਖਿਆ ਦੇ ਵਿਸ਼ੇ ਤੇ ਵਿਚਾਰ ਕਰਨ ਲਈ 'ਸੁਰੱਖਿਆ ਕੌਂਸਲ' (Security Council) ਬਣਾਈ ਗਈ ।

(ੳ) ਸੰਸਾਰ ਦਾ ਇਤਿਹਾਸ ਕਿਸ ਤਰ੍ਹਾਂ ਦਾ ਹੈ ?

(ਅ) 'ਲੀਗ ਆਫ਼ ਨੇਸ਼ਨਜ਼' ਦੀ ਸਥਾਪਨਾ ਪਿੱਛੇ ਕੀ ਮੰਤਵ ਸੀ ?

(ੲ) ਦੂਸਰਾ ਵਿਸ਼ਵ-ਯੁੱਧ ਕਦੋਂ ਹੋਇਆ ਅਤੇ ਇਸਦੇ ਕੀ ਸਿੱਟੇ ਨਿਕਲੇ ?

(ਸ) ਜਾਪਾਨ ਦੇ ਕਿਹੜੇ ਸ਼ਹਿਰਾਂ ਨੂੰ ਬੰਬਾਂ ਨੇ ਤਬਾਹ ਕੀਤਾ ?

(ਹ) 'ਸੁਰੱਖਿਆ ਕੌਂਸਲ' ਕਿਉਂ ਬਣਾਈ ਗਈ ?

2. ਹੇਠ ਲਿਖੇ ਵਿਸ਼ਿਆਂ ਵਿਚੋਂ ਕਿਸੇ **ਇਕ** ਬਾਰੇ ਪੈਰ੍ਹਾਂ ਲਿਖੋ : 10

(ੳ) ਮੋਬਾਈਲ ਫ਼ੋਨ ।

(ਅ) ਕੰਪਿਊਟਰ ।

(ੲ) ਕਾਲਜ ਵਿਚ ਮੇਰਾ ਪਹਿਲਾ ਦਿਨ ।

3. ਆਪਣੇ ਘਰ ਦੇ ਨੇੜੇ ਫੈਲੀ ਗੰਦਗੀ ਬਾਰੇ ਮਿਉਂਸਪਲ ਕਮਿਸ਼ਨਰ ਨੂੰ ਸ਼ਿਕਾਇਤੀ ਪੱਤਰ ਲਿਖੋ। 15

ਜਾਂ

ਆਪਣੇ ਭੈਣ ਜਾਂ ਭਰਾ ਦੇ ਵਿਆਹ ਕਾਰਨ ਇਕ ਹਫ਼ਤੇ ਦੀ ਛੁੱਟੀ ਲੈਣ ਲਈ ਕਾਲਜ ਦੇ ਪ੍ਰਿੰਸੀਪਲ ਨੂੰ ਬੇਨਤੀ-ਪੱਤਰ ਲਿਖੋ।

4. ਪੰਜਾਬੀ ਭਾਸ਼ਾ ਲਿਖਣ ਲਈ ਕਿਹੜੀ ਲਿੱਪੀ ਵਰਤੀ ਜਾਂਦੀ ਹੈ ? ਇਹ ਵੀ ਦੱਸੋ ਕਿ ਇਸ ਵਿਚ ਕਿੰਨੇ ਅੱਖਰ, ਕਿੰਨੀਆਂ ਲਗਾਂ ਅਤੇ ਕਿੰਨੇ ਲਗਾਖਰ ਹਨ ? 10

5. (ੳ) ਪੜਨਾਂਵ ਦੀ ਪਰਿਭਾਸ਼ਾ ਦੱਸਦੇ ਹੋਏ ਇਹ ਵੀ ਦੱਸੋ ਕਿ ਇਹ ਕਿੰਨੀ ਪ੍ਰਕਾਰ ਦੇ ਹੁੰਦੇ ਹਨ ? 10

(ਅ) ੳ, ਅ, ੲ ਨਾਲ ਕਿਹੜੀਆਂ ਕਿਹੜੀਆਂ ਲਗਾਂ ਦੀ ਵਰਤੋਂ ਹੋ ਸਕਦੀ ਹੈ ?

6. (ੳ) ਸ਼ੁੱਧ ਕਰਕੇ ਲਿਖੋ : 15

ਕਤਾਬ, ਮੀਤਰ, ਐਕਤਾ, ਦੁੱਦ, ਪੀਸਾਰ।

(ਅ) ਉਲਟ-ਭਾਵੀ ਸ਼ਬਦ ਲਿਖੋ :

ਜੰਗ, ਹੰਕਾਰ, ਰੌਸ਼ਨੀ, ਦੁਸ਼ਮਣੀ, ਖ਼ੁਸ਼ਬੋ।

(ੲ) ਹੇਠਾਂ ਲਿਖੇ ਸ਼ਬਦਾਂ ਨੂੰ ਵਾਕਾਂ ਵਿਚ ਵਰਤੋ :

ਹਥਿਆਰ, ਪੁਸਕਾਂ, ਸਭਿਆਚਾਰ, ਪ੍ਰੋਫ਼ੈਸਰ, ਅਦਾਕਾਰ।